# ਅਮਰੀਕਨ ਕ੍ਰਾਂਤੀ

Date: ( The American Revolution ) S M T W T F S

1776 ਈ: ਵਿੱਚ ਅਮਰੀਕਾ ਦੀਆਂ 13 ਬਸਤੀਆਂ ਨੇ ਇੰਗਲੈਂਡ ਦੇ ਵਿਰੁੱਧ ਵਿਦਰੋਹ ਕਰ ਦਿੱਤਾ ਜੋ 1783 ਈ: ਤੱਕ ਚਲਦਾ ਰਿਹਾ। ਇਸ ਵਿਦਰੋਹ ਨੇ ਅਮਰੀਕਾ ਨੇ ਸੁਤੰਤਰਤਾ ਦੇ ਯੁੱਧ ਦਾ ਰੂਪ ਧਾਰਨ ਕਰ ਲਿਆ। ਇਸ ਨੂੰ ਇਤਿਹਾਸ ਵਿੱਚ ਅਮਰੀਕਾ ਦੀ ਕ੍ਰਾਂਤੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

D. Perkins and G.V. Deusen ਦੇ ਅਨੁਸਾਰ, "ਅਮਰੀਕਾ ਦੀ ਕ੍ਰਾਂਤੀ ਬਰਤਾਨੀਆ ਤੋਂ ਸੁਤੰਤਰਤਾ ਲਈ ਸੰਘਰਸ਼ ਤੋਂ ਵੱਧ ਕੇ ਸੀ। ਇਸ ਯੁੱਧ ਅਤੇ ਅਮਰੀਕਾ ਦੇ ਇੰਗਲੈਂਡ ਤੋਂ ਵੱਖ ਹੋ ਜਾਣ ਦੇ ਸਿੱਟੇ ਵਜੋਂ ਅਮਰੀਕੀ ਸਮਾਜ ਵਿੱਚ ਅਤੀ ਮਹੱਤਵਪੂਰਨ ਰਾਜਨੀਤਿਕ, ਆਰਥਿਕ, ਸਮਾਜਿਕ, ਸਭਿਆਚਾਰਕ ਪਰਿਵਰਤਨ ਹੋਏ।"

"The American Revolution was far more than a struggle for freedom from Britain. The act of separation and the war itself inevitably produced far-reaching political, economic, social and cultural changes within American society." —

D. Perkins and G.V. Deusen.

ਅਮਰੀਕਾ ਦੀ ਕ੍ਰਾਂਤੀ ਉਸ ਸਮੇਂ ਸ਼ੁਰੂ ਹੋਈ ਜਦੋਂ ਜਾਰਜ ਤੀਜੇ ਦਾ ਨਿੱਜੀ ਸ਼ਾਸਨ ਆਪਣੇ ਸਿਖਰ ਤੇ ਸੀ।

sbp' Where Life Changes
Scanned with Cam

Date: S M T W T F S

ਇਸ ਵਿੱਚ ਕੋਈ ਸ਼ੱਕ ਨਹੀਂ ਕਿ 13 ਅਮਰੀਕੀ ਬਸਤੀਆਂ ਨੇ ਇੰਗਲੈਂਡ ਦੇ ਬਾਦਸ਼ਾਹ ਜਾਰਜ ਤੀਜੇ ਅਤੇ ਉਸਦੇ ਮੰਤਰੀਆਂ ਦੀਆਂ ਸ਼ੋਸ਼ਣਪੂਰਨ ਨੀਤੀਆਂ ਤੋਂ ਅਸੰਤੁਸ਼ਟ ਹੋ ਕੇ ਵਿਦਰੋਹ ਕੀਤਾ। ਇਸ ਕ੍ਰਾਂਤੀ ਦੇ ਪ੍ਰਮੁੱਖ ਕਾਰਨ ਹੇਠਾਂ ਲਿਖੇ ਜਾਂਦੇ ਹਨ:-

## ਅਮਰੀਕਾ ਦੀ ਕ੍ਰਾਂਤੀ ਦੇ ਕਾਰਨ

## (Causes of the American Revolution)

• ਬਸਤੀਆਂ ਵਿੱਚ ਇੰਗਲੈਂਡ ਪ੍ਰਤੀ ਪਿਆਰ ਦੀ ਘਾਟ :-

(Lack of Love towards England among the Colonies)

ਬਸਤੀਆਂ ਤੇ ਇੰਗਲੈਂਡ ਵਿੱਚ ਭੇਦ-ਭਾਵ ਸੀ, ਜਿਸਦਾ ਕਾਰਨ ਸੀ ਕਿ 13 ਬਸਤੀਆਂ ਵਿੱਚ ਵਸਦੇ ਲੋਕਾਂ ਵਿੱਚ ਆਪਸੀ ਰਾਜਨਾਮਾ। ਵਿਲੀਅਮ ਹਾਵਰਡ ਨੇ ਜੇਮਜ਼ ਪਹਿਲੇ ਦੇ ਰਾਜਕਾਲ ਵਿੱਚ ਇੰਗਲੈਂਡ ਤਿਆਗ ਦਿੱਤਾ ਸੀ ਕਿਉਂਕਿ ਦੇਸ਼ ਵਿੱਚ ਧਾਰਮਿਕ ਤੌਰ ਤੇ ਅੱਤਿਆਚਾਰ ਹੋ ਰਿਹਾ ਸੀ। ਇਸ ਕਰਕੇ ਉਹ ਅਮਰੀਕੀ ਬਸਤੀਆਂ ਵਿੱਚ ਆ ਕੇ ਵਸ ਗਏ ਸਨ। ਇੰਗਲੈਂਡ ਪ੍ਰਤੀ ਇਹਨਾਂ ਨੂੰ ਕੋਈ ਪਿਆਰ ਨਹੀਂ ਸੀ। ਅੰਗਰੇਜ਼ਾਂ ਤੋਂ ਇਲਾਵਾ ਦੂਜੇ ਯੂਰਪੀ ਦੇਸ਼ਾਂ ਦੇ ਬਹੁਤ ਸਾਰੇ ਲੋਕ ਬਸਤੀਆਂ ਵਿੱਚ ਆ ਕੇ ਵਸ ਗਏ ਸਨ, ਉਹਨਾਂ ਲੋਕਾਂ ਤੋਂ ਇੰਗਲੈਂਡ ਲਈ ਮੋਹ ਦੀ ਆਸ ਨਹੀਂ ਕੀਤੀ ਜਾ ਸਕਦੀ ਸੀ। ਜੀ. ਐੱਚ. ਪ੍ਰੂਲੇਥ ਦਾ ਵਿਚਾਰ ਹੈ ਕਿ ਇਨ੍ਹਾਂ ਪਰਵਾਸੀਆਂ ਵਿੱਚ ਕੋਈ ਵਫ਼ਾਦਾਰੀ ਨਹੀਂ ਸੀ ਅਤੇ ਨਾ ਹੀ ਇਸ ਦੀ ਆਸ ਅਮਰੀਕਾ

Sbi Where Life Changes
Scanned with CamScanner

ਜਨਮਿਆਂ ਤੇ ਕੀਤੀ ਜਾ ਸਕਦੀ ਸੀ। ਇਨ੍ਹਾਂ ਦੇ ਵੱਡੇ-ਵਡੇਰਿਆਂ ਨੇ ਗੁੱਸੇ ਵਿੱਚ ਆ ਕੇ ਇੰਗਲੈਂਡ ਛੱਡਿਆ ਸੀ। ਮਾਤਰੀ ਦੇਸ਼ ਭਾਵ ਬ੍ਰਿਟੇਨ ਨੇ ਇਨ੍ਹਾਂ ਬਸਤੀਆਂ ਨੂੰ ਬਦਚਲਨ ਅਤੇ ਜਰਾਇਮ ਪੇਸ਼ਾ ਲੋਕਾਂ ਨੂੰ ਭੇਜਣ ਲਈ ਵਰਤਿਆ। ਉਨ੍ਹਾਂ ਨੂੰ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਭੇਜਣ ਨੂੰ ਕਾਫ਼ੀ ਵੱਡੀ ਸਜ਼ਾ ਮੰਨਿਆ ਜਾਂਦਾ ਸੀ। ਜਿਸਨੂੰ ਪਰਵਾਸੀ ਤੇ ਉਨ੍ਹਾਂ ਦੇ ਵਾਰਸਾਂ ਨੇ ਕਦੇ ਨਾ ਭੁਲਾਇਆ।

2. ਬਸਤੀਆਂ ਦੀ ਉਪਯੋਗਤਾ : ਭਰਮ ਪੂਰਨ ਧਾਰਨਾ:- (Utility of Colonies is ) :- ਇੰਗਲੈਂਡ ਦੀ ਸਰਕਾਰ ਅਤੇ ਆਮ ਲੋਕਾਂ ਵਿੱਚ ਭਰਮ ਪੂਰਨ ਧਾਰਨਾ ਜਕੜੀ ਹੋਈ ਸੀ ਕਿ ਬਸਤੀਆਂ ਇੰਗਲੈਂਡ ਨੂੰ ਲਾਭ ਪਹੁੰਚਾਉਣ ਲਈ ਹਨ। ਪੁਰਾਣੀ ਬਸਤੀਵਾਦੀ ਪ੍ਰਣਾਲੀ ਜੋ ਬ੍ਰਿਟੇਨ ਨੇ ਅਪਣਾਈ ਹੋਈ ਸੀ, ਉਹ ਇਨ੍ਹਾਂ ਬਸਤੀਆਂ ਦੇ ਹਿੱਤਾਂ ਵਿੱਚ ਨਹੀਂ ਸੀ। ਇਸ ਲਈ ਇਹ ਲੜਾਈ ਦਾ ਕਾਰਨ ਬਣੀ। ਇਸ ਪ੍ਰਣਾਲੀ ਅਧੀਨ ਰੱਖੀ ਹੁਕਮ ਵਾਂਗ ਇਨ੍ਹਾਂ ਬਸਤੀਆਂ ਨੂੰ ਆਪਣੇ ਮਾਤਰੀ ਦੇਸ਼ ਲਈ ਕੱਚਾ ਮਾਲ ਦੇਣਾ ਪੈਂਦਾ ਸੀ। ਇਸ ਦੇ ਬਦਲੇ ਬ੍ਰਿਟੇਨ ਵੱਲੋਂ ਤਿਆਰ ਕੀਤਾ ਮਾਲ ਵੀ ਸਵੀਕਾਰ ਕਰਨਾ ਪੈਂਦਾ ਸੀ।

3. ਦੋਸ਼ਪੂਰਨ ਸ਼ਾਸਨ ਪ੍ਰਣਾਲੀ (Defective Rule) :- ਇਨ੍ਹਾਂ ਬਸਤੀਆਂ ਦੇ ਮੁਖੀ ਗਵਰਨਰ ਹੁੰਦੇ ਸਨ ਜਿਨ੍ਹਾਂ ਦੀ ਨਿਯੁਕਤੀ ਇੰਗਲੈਂਡ ਦੀ ਸਰਕਾਰ ਵੱਲੋਂ ਕੀਤੀ ਜਾਂਦੀ ਸੀ। ਗਵਰਨਰ ਤੋਂ ਇਲਾਵਾ ਇਨ੍ਹਾਂ ਬਸਤੀਆਂ ਵਿੱਚ ਕੌਂਸਲ ਅਤੇ ਅਸੈਂਬਲੀ ਦੀ ਵਿਵਸਥਾ ਹੁੰਦੀ ਸੀ। ਅਸੈਂਬਲੀ ਨੂੰ ਬਸਤੀ ਵਿੱਚ ਕਾਨੂੰਨ ਬਣਾਉਣ ਅਤੇ ਟੈਕਸ ਲਾਉਣ ਦਾ ਅਧਿਕਾਰ ਸੀ। ਸ਼ਾਸਨ ਪ੍ਰਬੰਧ ਦੀਆਂ ਵਿਸੰਗਤੀਆਂ ਅਤੇ ਘਟੀਆ ਅਸਰਦਾਰ

sbp Where Life Changes
Scanned with Cam

ਸ਼ਕਤੀਆਂ ਗਵਰਨਰ ਪਾਸ ਹੁੰਦੀਆਂ ਸਨ। ਉਹ ਬਸਤੀ ਵਿੱਚ ਇੰਗਲੈਂਡ ਦੇ ਕਾਨੂੰਨ ਅਤੇ ਬਸਤੀ ਦੀ ਅਸੈਂਬਲੀ ਰਾਹੀਂ ਬਣਾਏ ਕਾਨੂੰਨ ਲਾਗੂ ਕਰਦਾ ਸੀ। ਗਵਰਨਰ ਬਸਤੀ ਵਿੱਚ ਇੰਗਲੈਂਡ ਦੇ ਪ੍ਰਤੀਨਿਧ ਵਜੋਂ ਉਸ ਦੇ ਹਿੱਤਾਂ ਦੀ ਪਾਲਣਾ ਕਰਦਾ ਸੀ ਜਦੋਂ ਕਿ ਅਸੈਂਬਲੀ ਬਸਤੀ ਦੇ ਲੋਕਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੀ ਸੀ। ਇਸ ਲਈ ਦੋਹਾਂ ਵਿਚਕਾਰ ਅਕਸਰ ਲੜਾਈ ਝਗੜਾ ਰਹਿੰਦਾ ਸੀ। ਅਜਿਹੇ ਗਵਰਨਰ ਖੁਸ਼ਕਿਸਮਤ ਸਮਝੇ ਜਾਂਦੇ ਸਨ ਜਿਨ੍ਹਾਂ ਦਾ ਕੋਈ ਇੱਕ ਸਾਲ ਵੀ ਬਿਨਾਂ ਲੜਾਈ ਝਗੜੇ ਦੇ ਨਿਕਲ ਜਾਂਦਾ ਸੀ।"

"Placed as they were between two fires - British masters and local assemblies they were fortunate if a year passed without a quarrel of some kind." Ibid

• <u>ਬਸਤੀਆਂ ਦਾ ਅਜ਼ਾਦੀ ਪ੍ਰੇਮ</u> :- (Love for Independence of Colonies) — ਬਸਤੀਆਂ ਵਿੱਚ ਵਸਣ ਵਾਲੇ ਲੋਕ ਇੰਗਲੈਂਡ ਦੇ ਲੋਕਾਂ ਦੇ ਮੁਕਾਬਲੇ ਬਹੁਤ ਬਹਾਦਰ ਅਤੇ ਅਜ਼ਾਦੀ ਪ੍ਰੇਮੀ ਸਨ। ਜਦੋਂ ਇੰਗਲੈਂਡ ਦੀ ਸੰਸਦ ਨੇ ਅਮਰੀਕੀ ਬਸਤੀਆਂ ਨੂੰ ਸਾਮਰਾਜਵਾਦੀ ਨੀਤੀ ਦੇ ਅਨੁਕੂਲ ਢਾਲਣ ਵੱਲ ਧਿਆਨ ਦਿੱਤਾ, ਤਾਂ ਕਾਫ਼ੀ ਦੇਰ ਹੋ ਚੁੱਕੀ ਸੀ। ਅਜਿਹੀ ਸਥਿਤੀ ਵਿੱਚ ਬਸਤੀਆਂ ਦੇ ਲੋਕ ਭਲਾ ਇਹ ਕਿਵੇਂ ਸਹਿਣ ਕਰ ਸਕਦੇ ਸਨ,

sbp Where Life Changes
Scanned with CamScanner

Date: S M T W T F S

~~ਕਿ ਦੂਜੇ ਲੋਕ ਇਹ ਸਿਖਾਉਣ ਕਿ ਉਹ ਕਿਸ ਤਰ੍ਹਾਂ ਆਪਣਾ ਗੁਜ਼ਾਰਾ-~~
ਕਾਰ ਸੰਭਾਲਣ। ਬਸਤੀਵਾਦੀਆਂ ਕਿਸੇ ਵੀ ਕੀਮਤ ਤੇ ਆਪਣੀ ਅਜ਼ਾਦੀ ਤਿਆਗਣੀ ਮਨਜ਼ੂਰ ਨਹੀਂ ਸੀ।

<u>ਜਹਾਜ਼ਰਾਨੀ ਕਾਨੂੰਨ</u> (Navigation Acts) :- 1658 ਈ, 1660 ਈ: ਅਤੇ 1689 ਈ: ਵਿੱਚ ਪਾਸ ਹੋਏ 'ਜਹਾਜ਼ਰਾਨੀ ਕਾਨੂੰਨ' (Navigation Acts) ਦੇ ਅਨੁਸਾਰ, ਅਮਰੀਕੀ ਬਸਤੀਆਂ ਆਪਣਾ ਮਾਲ ਜਾਂ ਤਾਂ ਆਪਣੇ ਜਹਾਜ਼ਾਂ ਅਤੇ ਜਾਂ ਕੇਵਲ ਅੰਗਰੇਜ਼ੀ ਜਹਾਜ਼ਾਂ ਵਿੱਚ ਹੀ ਭੇਜ ਸਕਦੀਆਂ ਸਨ। ਬਸਤੀਆਂ ਕੋਲ ਆਪਣੇ ਜਹਾਜ਼ ਨਹੀਂ ਸਨ ਹੁੰਦੇ, ਇਸ ਲਈ ਮਜਬੂਰੀ ਵੱਸ ਆਪਣੇ ਮਾਲ ਲਈ ਉਨ੍ਹਾਂ ਨੂੰ ਅੰਗਰੇਜ਼ੀ ਜਹਾਜ਼ ਕਿਰਾਏ ਉੱਤੇ ਲੈਣੇ ਪੈਂਦੇ ਸਨ। ਭਾਵੇਂ ਉਨ੍ਹਾਂ ਨੂੰ ਕਿਰਾਇਆ ਜ਼ਿਆਦਾ ਦੇਣਾ ਪੈਂਦਾ ਸੀ। ਇੰਗਲੈਂਡ ਵਿੱਚ ਸਮੇਂ ਸਮੇਂ ਤੇ ਪਾਸ ਹੋਏ 'ਵਪਾਰ ਕਾਨੂੰਨਾਂ' (Trade Acts) - ਅਨੁਸਾਰ ਅਮਰੀਕੀ ਬਸਤੀਆਂ ਦੀਆਂ ਅਨੇਕਾਂ ਦਰਾਮਦ ਤੇ ਬਰਾਮਦ ਦੀਆਂ ਵਸਤਾਂ ਉੱਤੇ ਪਾਬੰਦੀਆਂ ਲਗਾ ਦਿੱਤੀਆਂ ਸਨ। ਮਿਸਾਲ ਵਜੋਂ ਬਸਤੀਆਂ ਨੂੰ ਕੇਵਲ ਇੰਗਲੈਂਡ ਨੂੰ ਹੀ ਚੀਨੀ, ਤਮਾਕੂ, ਰੂਈ ਆਦਿ ਦੇਣੀ ਹੁੰਦੀ ਸੀ, ਜਦੋਂ ਕਿ ਉਨ੍ਹਾਂ ਨੂੰ ਊਨੀ ਕੱਪੜੇ ਅਤੇ ਲੋਹੇ ਦਾ ਸਮਾਨ ਸਿਰਫ ਇੰਗਲੈਂਡ ਤੋਂ ਹੀ ਲੈਣਾ ਹੁੰਦਾ ਸੀ। ਅਮਰੀਕੀ ਬਸਤੀਵਾਦੀਆਂ ਨੇ ਫੈਸਲਾ ਕੀਤਾ ਕਿ ਉਹ ਇੰਗਲੈਂਡ ਤੋਂ ਹੀ ਲੈਣਾ ਹੁੰਦਾ ਸੀ। ਅਮਰੀਕੀ ਬਸਤੀਵਾਦੀਆਂ ਨੇ ਫੈਸਲਾ ਕੀਤਾ ਕਿ ਉਹ ਇੰਗਲੈਂਡ ਦੀ ਆਰਥਿਕਤਾ ਤੇ ਨਿਰਭਰ ਨਹੀਂ ਰਹਿਣਗੇ। ਜਦੋਂ ਜਾਰਜ ਤੀਜੇ ਤੇ ਉਸਦੇ ਮੰਤਰੀਆਂ ਨੇ

sbp'
Scanned with Cam

Date: S M T W T F

ਬਲ ਪ੍ਰਯੋਗ ਨਾਲ ਪ੍ਰਗਾੜ੍ਹੀ ਬਸਤੀਵਾਦੀ ਪ੍ਰਣਾਲੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਗਾਵਤ ਹੋ ਗਈ।

## ਸਮਾਜਿਕ ਤੇ ਧਾਰਮਿਕ ਖੇਤਰ ਵਿੱਚ

(In Social and Religious sphere) :- ਜੇ. ਐਸ. ਵਾਟਸਨ ਦੇ ਮੱਤ ਅਨੁਸਾਰ, "ਇੰਗਲੈਂਡ ਅਤੇ 13 ਬਸਤੀਆਂ ਵਿਚਕਾਰ ਸੰਘਰਸ਼ ਦੇ ਮੌਲਿਕ ਕਾਰਣ ਆਰਥਿਕ ਨਹੀਂ ਸਗੋਂ ਮੁੱਖ ਰੂਪ ਵਿੱਚ ਸਮਾਜਿਕ ਸਨ। ਐਟਲਾਂਟਿਕ ਸਾਗਰ ਦੇ ਦੋਹਾਂ ਪਾਸੇ ਰਹਿਣ ਵਾਲੇ ਲੋਕਾਂ (ਅੰਗਰੇਜ਼ਾਂ ਅਤੇ ਅਮਰੀਕਨਾਂ) ਦੇ ਜੀਵਨ ਢੰਗਾਂ ਵਿੱਚ ਫਰਕ ਸੀ, ਜਿਸ ਕਾਰਣ ਉਨ੍ਹਾਂ ਦੀ ਵਿਚਾਰਧਾਰਾ ਵਿਚ ਵੀ ਫਰਕ ਆ ਗਿਆ ਸੀ।"

"The deep seated causes of the American struggle were not, in the normal sense, economic — the fundamental cleavge between England and thirteen colonies was in a broad sense social. The difference in ideology on the two sides of the Atlantic was the natural product of a difference in their ways of life." – J.S. Watson.

ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਅੰਗਰੇਜ਼ੀ ਅਤੇ ਅਮਰੀਕੀ ਲੋਕਾਂ ਵਿਚਕਾਰ ਵਿਚਾਰਾਂ ਦਾ ਮੱਤਭੇਦ ਦਾ ਕਾਰਨ

Scanned with Cam

ਰੂਪ ਵਿਚ ਤੇ ਹੋਇਆ, ਜਿਸ ਵਿਚ ਪਹਿਲੇ ਇੰਗਲੈਂਡ ਨਿਵਾਸੀ ਨੇ ਅਮਰੀਕੀ ਧਰਤੀ ਉੱਤੇ ਪੈਰ ਰੱਖਿਆ। ਪ੍ਰਸਿੱਧ ਇਤਿਹਾਸਕਾਰ ਟ੍ਰੇਵਲੀਅਨ ਅਨੁਸਾਰ, "ਅੰਗਰੇਜ਼ੀ ਸਮਾਜ, ਪ੍ਰਾਚੀਨ ਵਿਸਤ੍ਰਿਤ ਅਤੇ ਬਨਾਵਟੀ ਸੀ ਜਦ ਕਿ ਅਮਰੀਕੀ ਸਮਾਜ ਨਵੀਨ, ਸਰਲ ਅਤੇ ਸੁਭਾਵਿਕ ਸੀ।" "

"The English society was old, elaborate and artificial while the American society was new, simple and raw." — G.M. Trevelyan.

ਅਮਰੀਕੀ ਤੇ ਅੰਗਰੇਜ਼ੀ ਲੋਕਾਂ ਵਿੱਚ ਧਾਰਮਿਕ ਭੇਦ-ਭਾਵ ਵੀ ਪਾਇਆ ਜਾਂਦਾ ਸੀ। ਅਮਰੀਕੀ ਸੁਤੰਤਰਤਾ-ਪ੍ਰੇਮੀ ਤੇ ਦ੍ਰਿੜ੍ਹ ਨਿਸ਼ਚੇ ਵਾਲੇ, ਉਦਾਰ ਅਤੇ ਪਿਊਰਿਟਨ ਸਨ ਜਦ ਕਿ ਅੰਗਰੇਜ਼ ਅਜੇ ਤੱਕ ਐਂਗਲੀਕਨ ਚਰਚ ਦੇ ਨਿਯਮਾਂ ਵਿੱਚ ਜਕੜੇ ਪਏ ਸਨ। ਦੋਹਾਂ ਵਿੱਚ ਪਈ ਹੋਈ ਭਿੰਨਤਾ ਦੀ ਖਾਈ ਨੇ ਕ੍ਰਾਂਤੀ ਦਾ ਰੂਪ ਪ੍ਰਦਾਨ ਕਰ ਦਿੱਤਾ।

**ਸੱਤ ਸਾਲਾ ਯੁੱਧ ਦੇ ਪ੍ਰਭਾਵ:** (Impact of the seven's War)

ਸੱਤ ਸਾਲਾ ਯੁੱਧ (1756-63 ਈ:) ਅਤੇ ਇਸਦੇ ਨਾਲ ਸਬੰਧਿਤ ਘਟਨਾਵਾਂ ਵੀ ਅਮਰੀਕਨ ਕ੍ਰਾਂਤੀ ਲਈ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਸਿੱਧ ਹੋਈਆਂ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

- **ਅਮਰੀਕੀ ਬਸਤੀਆਂ ਦੀ ਫਰਾਂਸੀਸੀ ਖਤਰੇ ਤੋਂ ਮੁਕਤੀ:** (Removal of the French Danger for the American Colonies)

sbp

Scanned with Can

1756 ਈ: ਫਰਾਂਸ ਅਤੇ ਇੰਗਲੈਂਡ ਵਿਚਕਾਰ ਸੱਤ ਸਾਲਾ ਯੁੱਧ ਸ਼ੁਰੂ ਹੋਇਆ, ਜੋ 1763 ਈ: ਵਿੱਚ ਪੈਰਿਸ ਦੀ ਸੰਧੀ ਨਾਲ ਸਮਾਪਤ ਹੋਇਆ। ਇਸ ਯੁੱਧ ਵਿੱਚ ਇੰਗਲੈਂਡ ਨੇ ਫਰਾਂਸ ਨੂੰ ਹਰਾਇਆ ਅਤੇ ਉਸਦੀ ਕੈਨੇਡਾ ਵਿੱਚ ਸ਼ਕਤੀ ਸਮਾਪਤ ਕਰ ਦਿੱਤੀ। ਫਰਾਂਸੀਸੀਆਂ ਦੀ ਕੈਨੇਡਾ ਵਿੱਚ ਹਾਰ ਨੇ ਅਮਰੀਕਾ ਵਾਸੀਆਂ ਨੂੰ ਫਰਾਂਸੀਸੀ ਹਮਲੇ ਦੇ ਉਸ ਖਤਰੇ ਤੋਂ ਮੁਕਤ ਕਰ ਦਿੱਤਾ। ਅੰਗਰੇਜ਼ੀ ਗਵਰਨਰ ਨੇ ਇਸ ਸਬੰਧ ਵਿੱਚ ਭਵਿੱਖਬਾਣੀ ਕਰਦਿਆਂ ਹੋਏ ਲਿਖਿਆ ਸੀ, "ਜੇ ਉਹ (ਅਮਰੀਕੀ ਲੋਕ) ਇੰਗਲੈਂਡ ਦੀ ਸਹਾਇਤਾ ਤੋਂ ਬਿਨਾਂ ਆਪਣੀ ਰੱਖਿਆ ਕਰ ਸਕਦੇ ਹਨ, ਤਾਂ ਉਹ ਜਿਨ੍ਹਾਂ ਨੂੰ ਵਿਦੇਸ਼ੀ ਸਰਕਾਰ ਦੇ ਅੱਗੇ ਸਮਰਪਣ ਕਰਨ ਦੀ ਆਦਤ ਨਹੀਂ, ਛੇਤੀ ਹੀ ਉਨ੍ਹਾਂ ਯੋਜਨਾਵਾਂ ਨੂੰ ਅਸਲੀ ਰੂਪ ਦੇਣ ਲਈ ਸੋਚਣਗੇ, ਜਿਨ੍ਹਾਂ ਦੀ ਉਹ ਲੰਬੇ ਸਮੇਂ ਤੋਂ ਕਾਮਨਾ ਕਰ ਰਹੇ ਸਨ।"

"If once they can see they can clothe themselves without the help of England, they who are already not very fond of submitting to government — would soon think of putting in to execution designs they have long herboured in their breast." — Combury, Governor of New york.

ਕੈਨੇਡਾ ਵਿੱਚੋਂ ਫਰਾਂਸੀਸੀ ਪ੍ਰਭਾਵ ਦੀ ਸਮਾਪਤੀ ਨੇ ਨਿਰਸੰਦੇਹ ਅਮਰੀਕੀ ਬਸਤੀਆਂ ਦੇ ਲੋਕਾਂ ਨੂੰ ਇੰਗਲੈਂਡ ਦੇ ਅਨੁਚਿਤ ਸ਼ਾਸਨ ਵਿਰੁੱਧ ਹਥਿਆਰ ਚੁੱਕਣ ਲਈ ਉਤੇਜਿਤ ਕਰ ਦਿੱਤਾ।

Scanned with CamScanner

ਇਸ ਸਬੰਧ ਵਿੱਚ ਇੱਕ ਫਰਾਂਸੀਸੀ ਵਿਚਾਰਕ ਨੇ ਠੀਕ ਹੀ ਕਿਹਾ ਸੀ, "ਇੰਗਲੈਂਡ ਨੂੰ ਛੇਤੀ ਹੀ ਇਸ ਗੱਲ ਉੱਤੇ ਪਛਤਾਵਾ ਮਹਿਸੂਸ ਹੋਵੇਗਾ ਕਿ ਉਸਨੇ (ਫਰਾਂਸੀਸੀ ਖਤਰੇ ਦੀ) ਇੱਕੋ ਇੱਕ ਰੁਕਾਵਟ ਦਾ ਅੰਤ ਕਰ ਦਿੱਤਾ ਜੋ ਅਮਰੀਕੀ ਬਸਤੀਆਂ ਨੂੰ ਇੰਗਲੈਂਡ ਅਧੀਨ ਰੱਖਣ ਵਿੱਚ ਸਹਾਇਕ ਸਿੱਧ ਹੋ ਸਕਦੀ ਸੀ।'

"England will soon repent of having removed the only check that could keep her colonies in awe." Ibid

• ਬਸਤੀਆਂ ਦੀ ਸੁਰੱਖਿਆ ਸਬੰਧੀ ਸਮੱਸਿਆ :- (Problem of colonial Defence) :- ਸੱਤ ਸਾਲਾ ਯੁੱਧ ਪਿੱਛੋਂ ਇੰਗਲੈਂਡ ਦੀ ਆਰਥਿਕ ਹਾਲਤ ਕਾਫੀ ਵਿਗੜ ਗਈ ਅਤੇ ਉਸਦਾ ਰਾਸ਼ਟਰੀ ਕਰਜ਼ਾ ਦੁੱਗਣਾ ਹੋ ਗਿਆ। ਇੰਗਲੈਂਡ ਦੀ ਸਰਕਾਰ ਚਾਹੁੰਦੀ ਸੀ ਕਿ ਅਮਰੀਕੀ ਬਸਤੀਆਂ ਇਸ ਵਧ ਰਹੇ ਸੈਨਿਕ ਸੁਰੱਖਿਆ ਦੇ ਖਰਚੇ ਦਾ ਕੁਝ ਹਿੱਸਾ ਅਦਾ ਕਰਨ। ਪਰੰਤੂ ਅਮਰੀਕੀ ਲੋਕ, ਜੋ ਪਹਿਲਾਂ ਹੀ ਕਈ ਰਾਜਨੀਤਿਕ ਅਤੇ ਆਰਥਿਕ ਕਾਰਨਾਂ ਕਰਕੇ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸਨ, ਇਸ ਆਰਥਿਕ ਸੰਕਟ ਵਿੱਚ ਸਾਥ ਦੇਣ ਇੰਗਲੈਂਡ ਨੂੰ ਤਿਆਰ ਨਹੀਂ ਸਨ। ਇਸ ਮੱਤਭੇਦ ਕਰਕੇ ਸਮਾਂ ਪਾ ਕੇ ਕ੍ਰਾਂਤੀ ਨੂੰ ਜਨਮ ਦਿੱਤਾ।

• ਫਰਾਂਸ ਵੱਲੋਂ ਅਮਰੀਕੀ ਬਸਤੀਆਂ ਨੂੰ ਉਕਸਾਹਟ :- (Incitement of American Colonies by France) :- ਸੱਤ ਸਾਲਾ ਯੁੱਧ ਵਿਚ ਫਰਾਂਸ ਦੀ

sbp
Scanned with Can

Date:

ਇੰਗਲੈਂਡ ਤੋਂ ਅਪਮਾਨਜਨਕ ਹਾਰ ਹੋਈ। ਫਰਾਂਸ ਨੇ ਬਦਲੇ ਦੀ ਭਾਵਨਾ ਤੋਂ ਉਤੇਜਿਤ ਹੋ ਕੇ ਅਮਰੀਕੀ ਬਸਤੀਆਂ ਨੂੰ ਆਪਣੇ ਦੁਸ਼ਮਣ (ਇੰਗਲੈਂਡ) ਵਿਰੁੱਧ ਉਕਸਾਉਣਾ ਸ਼ੁਰੂ ਕਰ ਦਿੱਤਾ। ਫਰਾਂਸ ਨੇ ਅਮਰੀਕੀ ਬਸਤੀਆਂ ਨੂੰ ਇੰਗਲੈਂਡ ਦੇ ਵਿਰੁੱਧ ਉਕਸਾਉਣਾ ਸ਼ੁਰੂ ਕਰ ਦਿੱਤਾ। ਫਰਾਂਸ ਨੇ ਅਮਰੀਕੀ ਬਸਤੀਆਂ ਨੂੰ ਇੰਗਲੈਂਡ ਦੇ ਵਿਰੁੱਧ ਸੰਘਰਸ਼ ਵਿੱਚ ਹਰ ਸੰਭਵ ਸਹਾਇਤਾ ਦੇਣ ਦਾ ਵਚਨ ਵੀ ਦਿੱਤਾ।

## ਜਾਰਜ ਤੀਜੇ ਅਤੇ ਉਸਦੇ ਮੰਤਰੀਆਂ ਦੀਆਂ ਮੂਰਖਤਾਪੂਰਣ ਨੀਤੀਆਂ:-

(Unwise Policies of George III and his Ministers):-

1763 ਈ: - 1775 ਈ: ਦੌਰਾਨ ਜਾਰਜ ਤੀਜੇ ਅਤੇ ਉਸਦੇ ਮੰਤਰੀਆਂ ਰਾਹੀਂ ਅਪਣਾਈਆਂ ਗਈਆਂ ਮੂਰਖਤਾਪੂਰਣ ਨੀਤੀਆਂ ਨੇ ਅਮਰੀਕੀ ਬਸਤੀਆਂ ਨੂੰ ਇੰਗਲੈਂਡ ਵਿਰੁੱਧ ~~ਕੀ~~ ਹਥਿਆਰ ਚੁੱਕ ਲੈਣ ਲਈ ਮਜ਼ਬੂਰ ਕਰ ਦਿੱਤਾ।

- **ਗ੍ਰੇਨਵਿੱਲ ਦੇ ਕਦਮ:-** (Measures of Grenville):- ਇੰਗਲੈਂਡ ਦਾ ਵਿੱਤ ਮੰਤਰੀ ਗ੍ਰੇਨਵਿੱਲ ਕੁਸ਼ਲਤਾ, ਕਫਾਇਤ ਅਤੇ ਸੰਤੁਲਿਤ ਬਜਟ ਦਾ ਪਿਤਾਮਾ ਸੀ। ਉਹ ਘਮੰਡੀ ਵਿਅਕਤੀ ਸੀ, ਜਿਸ ਵਿੱਚ ਵਿਵਹਾਰਕ ਬੁੱਧੀ ਦੀ ਘਾਟ ਸੀ। ਉਸ ਨੇ ਅਮਰੀਕੀ ਬਸਤੀਆਂ ਸਬੰਧੀ 1763-65 ਈ: ਦੌਰਾਨ ਆਪਣਾ ਕਾਰਜਕ੍ਰਮ ਬਣਾਇਆ। ਜੋ ਅਮਰੀਕੀ ਹਿੱਤਾਂ ਦੇ ਵਿਰੁੱਧ ਸੀ।

"Grenville — a tactless, vain, tiresome

sbp Where Life Changes
Scanned with Can

individual but a demon for efficiency, economy and a balanced budget — developed his programme for colonial administration between the year 1763 and 1765." D. Perkins and G.V. Deusen.

- **ਚੀਨੀ ਸਬੰਧੀ ਐਕਟ (Sugar Act):-** 1764 ਈ: ਵਿੱਚ ਇੰਗਲੈਂਡ ਨੇ ਚੀਨੀ ਸਬੰਧੀ ਐਕਟ ਅਮਰੀਕੀ ਬਸਤੀਆਂ ਉੱਤੇ ਲਾਗੂ ਕੀਤਾ ਜਿਸ ਅਨੁਸਾਰ ਅਮਰੀਕਾ ਵਿੱਚ ਚੀਨੀ ਦੀ ਦਰਾਮਦ ਉੱਤੇ ਕਰ ਲਗਾਇਆ ਗਿਆ। ਬਸਤੀਆਂ ਲਈ ਕਰ, ਨਿਯਮਾਂ ਦੀ ਵਿਆਪਕਤਾ ਅਤੇ ਇਸ ਦੀ ਪਾਲਣਾ ਲਈ ਚੁੱਕੇ ਗਏ ਕਦਮ, ਦੋਵੇਂ ਹੀ ਅਸੰਤੋਖਜਨਕ ਸਨ ਕਿਉਂਕਿ ਇਸ ਨਾਲ ਉਨ੍ਹਾਂ ਦੇ ਆਰਥਿਕ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਸੀ। ਟੈਕਸ ਲਗਾਉਣ ਦਾ ਇਹ ਨਵਾਂ ਅਧਿਕਾਰ ਛੇਤੀ ਹੀ ਝਗੜੇ ਦਾ ਵਿਸ਼ਾ ਬਣ ਗਿਆ। ਇਸ ਝਗੜੇ ਨੇ ਅੰਤ ਵਿੱਚ ਅਮਰੀਕੀ ਬਸਤੀਆਂ ਨੂੰ ਇੰਗਲੈਂਡ ਤੋਂ ਵੱਖ ਕਰ ਦਿੱਤਾ।

- **ਮੁਦਰਾ ਐਕਟ:-** (Currency Act):- ਅਨੁਸਾਰ ਅਮਰੀਕੀ ਬਸਤੀਆਂ ਨੂੰ ਕਾਗਜ਼ ਦੇ ਨੋਟ ਜਾਰੀ ਕਰਨ ਦੀ ਮਨਾਹੀ ਕਰ ਦਿੱਤੀ। 1765 ਈ: ਵਿੱਚ ਪਾਸ ਹੋਏ ਰਿਹਾਇਸ਼ ਸਬੰਧੀ ਕਾਨੂੰਨ (Quartering Act) ਦੇ ਅਨੁਸਾਰ ਅਮਰੀਕਨਾਂ ਨੂੰ ਬਸਤੀਆਂ ਵਿੱਚ ਅੰਗਰੇਜ਼ ਸੈਨਿਕਾਂ ਨੂੰ ਘਰਾਂ ਵਿੱਚ ਰੱਖਣਾ ਹੁੰਦਾ ਸੀ ਅਤੇ ਉਨ੍ਹਾਂ ਦੇ ਭੋਜਨ ਦਾ ਪ੍ਰਬੰਧ ਕਰਨਾ ਹੁੰਦਾ ਸੀ। ਬਸਤੀਆਂ ਲਈ ਇਹ ਕਾਨੂੰਨ ਹੀ ਅਪਮਾਨਜਨਕ ਤੇ ਇਤਰਾਜ਼ਯੋਗ ਸੀ।

sbp' Where Life Changes

Scanned with Cam

• **ਸਟੈਂਪ ਐਕਟ :- (Stamp Act) -** 1765 ਈ: ਵਿੱਚ 'ਸਟੈਂਪ ਐਕਟ' ਪਾਸ ਕੀਤਾ ਜਿਸ ਅਧੀਨ ਅਮਰੀਕਾ ਵਿੱਚ ਕਾਨੂੰਨੀ ਲੈਣ ਦੇਣ ਉੱਪਰ ਕਰ ਲਗਾਇਆ ਗਿਆ, ਇਸ ਪ੍ਰਕਾਰ ਉਗਰਾਹੀ ਰਕਮ ਬਸਤੀਆਂ ਦੀ ਸੁਰੱਖਿਆ ਉੱਪਰ ਖਰਚੀ ਜਾਣੀ ਸੀ। ਬਸਤੀਵਾਦੀਆਂ ਨੇ 'ਸਟੈਂਪ ਐਕਟ' ਦਾ ਡੱਟ ਕੇ ਵਿਰੋਧ ਕੀਤਾ ਅਤੇ ਉਹਨਾਂ ਦਾ ਪ੍ਰਸਿੱਧ ਨਾਅਰਾ ਸੀ, "ਪ੍ਰਤੀਨਿਧਤਾ ਬਿਨਾਂ ਕੋਈ ਕਰਬੰਦੀ ਨਹੀਂ।" ਵਿਰੋਧ ਵਿੱਚ ਇਕੱਤਰਤਾਵਾਂ ਹੋਈਆਂ ਤੇ ਮਤੇ ਪਾਸ ਕੀਤੇ ਗਏ ਤੇ ਇੰਗਲੈਂਡ ਨੂੰ ਭੇਜੇ ਗਏ। ਕਈ ਥਾਵਾਂ ਤੇ ਗੜਬੜ ਵੀ ਹੋਈ, ਸਰਕਾਰੀ ਦਫ਼ਤਰਾਂ ਤੇ ਕਬਜ਼ੇ ਕਰਕੇ ਸਟੈਂਪ ਪੇਪਰ ਨਸ਼ਟ ਕੀਤੇ ਗਏ। ਬਸਤੀਵਾਦੀਆਂ ਨੇ ਬ੍ਰਿਟੇਨ ਵਿੱਚ ਬਣਾਈਆਂ ਗਈਆਂ ਚੀਜਾਂ ਦੀ ਦਰਾਮਦ ਉਨ੍ਹਾਂ ਚਿਰ ਲਈ ਰੋਕ ਦਿੱਤੀ ਜਿੰਨ੍ਹਾਂ ਚਿਰ ਇਹ ਐਕਟ ਰੱਦ ਨਹੀਂ ਕੀਤਾ ਜਾਂਦਾ। ਅਮਰੀਕਾ ਤੇ ਗ੍ਰੇਟ ਬ੍ਰਿਟੇਨ ਵਿਚਕਾਰ ਵਪਾਰ ਦੀ ਕੀਮਤ ਘੱਟ ਗਈ ਤੇ ਬ੍ਰਿਟਿਸ਼ ਵਪਾਰੀ ਚੌਕੰਨੇ ਹੋ ਗਏ। ਅਜਿਹਾ ਟੈਕਸ ਲਗਾਉਣਾ ਅਕਲਮੰਦੀ ਦਾ ਕੰਮ ਨਹੀਂ ਸੀ।

• **ਰਾਕਿੰਘਮ ਦਾ ਡੈਕਲੇਰੇਟਰੀ ਐਕਟ :- (Rockingham's Declaratory Act) :-** 1765 ਈ: ਵਿੱਚ ਰਾਕਿੰਘਮ ਇੰਗਲੈਂਡ ਦਾ ਵਿੱਤ ਮੰਤਰੀ ਬਣ ਗਿਆ। ਉਸਨੇ ਬਾਦਸ਼ਾਹ ਦੇ ਵਿਰੋਧ ਦੇ ਬਾਵਜੂਦ 'ਸਟੈਂਪ ਐਕਟ' ਰੱਦ ਕਰ ਦਿੱਤਾ ਅਤੇ ਪਾਰਲੀਮੈਂਟ ਦੀ ਪ੍ਰਭੂਸੱਤਾ ਨੂੰ ਕਾਇਮ ਰੱਖਣ ਲਈ ਇੱਕ ਡੈਕਲੇਰੇਟਰੀ ਐਕਟ ਪਾਸ ਕਰ ਦਿੱਤਾ। ਜਿਸ ਵਿੱਚ ਕਿਹਾ ਗਿਆ ਕਿ ਅਮਰੀਕੀ ਬਸਤੀਆਂ ਇੰਗਲੈਂਡ ਦੇ ਬਾਦਸ਼ਾਹ

Scanned with Can

ਅਤੇ ਸੰਸਦ ਦੇ ਅਧੀਨ ਰਹੀਆਂ ਹਨ, ਹੁਣ ਵੀ ਹਨ ਅਤੇ ਉਨ੍ਹਾਂ ਨੂੰ ਅਧੀਨ ਹੀ ਰਹਿਣਾ ਚਾਹੀਦਾ ਹੈ ਅਤੇ ਬਾਦਸ਼ਾਹ ਤੇ ਸੰਸਦ ਨੂੰ ਕਾਨੂੰਨ ਬਣਾਉਣ ਦਾ ਪੂਰਾ ਅਧਿਕਾਰ ਹੈ ਜੋ ਬਸਤੀਆਂ ਅਤੇ ਉਨ੍ਹਾਂ ਦੇ ਲੋਕਾਂ ਉੱਤੇ ਜਰੂਰੀ ਲਾਗੂ ਹੋਣਗੇ। ਕਰ ਲਾਉਣ ਦੀ ਇੰਗਲੈਂਡ ਦੀ ਸੰਸਦ ਦੀ ਪ੍ਰਭੂਸੱਤਾ ਤੋਂ ਸੁਤੰਤਰ ਹੋਣ ਲਈ ਅਮਰੀਕੀ ਬਸਤੀਆਂ ਯਤਨ ਕਰਨ ਲੱਗੀਆਂ

- <u>ਟਾਊਨਸੈਂਡ ਦੇ ਸੀਮਾ ਕਰ</u> :- (Townshend Duties) :- ਰਾਕਿੰਘਮ ਤੋਂ ਬਾਅਦ 1766 ਈ: ਵਿੱਚ ਟਾਊਨਸੈਂਡ ਖਜ਼ਾਨੇ ਦਾ ਚਾਂਸਲਰ ਬਣਿਆ। ਉਸਦੀ ਇੱਛਾ ਅਨੁਸਾਰ 'ਡਿਊਟੀ ਐਕਟ' ਪਾਸ ਹੋਇਆ। ਜਿਸ ਅਨੁਸਾਰ ਬਸਤੀਆਂ ਵਿੱਚ ਕਾਗਜ਼, ਸ਼ੀਸ਼ਾ, ਚਾਹ, ਪੇਂਟ ਆਦਿ ਦੀ ਦਰਾਮਦ ਉੱਤੇ ਸੀਮਾ ਕਰ ਲਗਾਏ ਗਏ। ਟਾਊਨਸੈਂਡ ਦੇ ਅੰਦਾਜ਼ੇ ਅਨੁਸਾਰ, "ਇਹ ਕਰ ਲਾਉਣ ਨਾਲ 40,000 ਪੌਂਡ ਦੀ ਆਮਦਨ ਹੋਵੇਗੀ। ਇਸ ਕੰਮ ਨੇ ਵੀ ਬਸਤੀਆਂ ਦੇ ਅਸੰਤੋਖ ਦੀ ਧੁਖ ਰਹੀ ਅੱਗ ਨੂੰ ਹਵਾ ਦੇ ਦਿੱਤੀ। ਇੰਗਲੈਂਡ ਤੇ ਅਮਰੀਕੀ ਬਸਤੀਆਂ ਵਿੱਚ ਦੁਸ਼ਮਣੀ ਦੀ ਅਜਿਹੀ ਖਾਈ ਪੈਦਾ ਹੋ ਗਈ, ਜਿਸ ਨੂੰ ਭਰਨਾ ਅਸੰਭਵ ਹੋ ਗਿਆ।
- <u>ਲਾਰਡ ਨਾਰਥ ਚਾਹ ਐਕਟ ਅਤੇ ਬੋਸਟਨ ਚਾਹ ਪਾਰਟੀ</u> :- (Lord North Tea Act and Boston Tea Party) :- 1770 ਈ: ਲਾਰਡ ਨਾਰਥ ਖਜ਼ਾਨੇ ਦਾ ਚਾਂਸਲਰ ਬਣਿਆ। 1773 ਈ: ਵਿੱਚ ਇੰਗਲੈਂਡ ਵਿੱਚ 'ਚਾਹ ਐਕਟ' ਪਾਸ ਹੋ ਗਿਆ। ਇਸ ਐਕਟ ਅਨੁਸਾਰ ਬ੍ਰਿਟਿਸ਼ ਸਰਕਾਰ ਨੇ ਭਾਰਤੀ ਈਸਟ ਇੰਡੀਆ ਨੂੰ 1,400,000 ਪੌਂਡ ਦਾ ਕਰਜ਼ਾ ਦਿੱਤਾ ਅਤੇ ਇਸ ਨੂੰ ਅਮਰੀਕੀ ਬਸਤੀਆਂ ਨੂੰ ਸਿੱਧੀ ਚਾਹ ਭੇਜਣ ਦਾ

Scanned with Cam

ਅਧਿਕਾਰ ਦੇ ਦਿੱਤਾ। ਇਸ ਵਿਵਸਥਾ ਰਾਹੀਂ ਅਮਰੀਕੀਆਂ ਨੂੰ ਹੁਣ ਪਾਰਸਲਾਂ ਤੋਂ ਬਹੁਤ ਸਸਤੀ ਚਾਹ ਪ੍ਰਾਪਤ ਹੋ ਸਕਦੀ ਸੀ। ਅੰਗਰੇਜ਼ੀ ਈਸਟ ਇੰਡੀਆ ਕੰਪਨੀ ਦੇ ਅਧਿਕਾਰੀਆਂ ਨੇ ਚਾਰ ਮੁੱਖ ਅਮਰੀਕੀ ਸ਼ਹਿਰਾਂ ਵਿੱਚ ਜਹਾਜ਼ਾਂ ਰਾਹੀਂ 1253 ਚਾਹ ਦੀਆਂ ਪੇਟੀਆਂ (ਜਿਨ੍ਹਾਂ ਦਾ ਮੁੱਲ 40,000 ਪੌਂਡ ਤੋਂ 50,000 ਪੌਂਡ ਤੱਕ ਦਾ ਸੀ) ਭੇਜੀਆਂ, ਇਨ੍ਹਾਂ ਵਿੱਚੋਂ ਅਮਰੀਕੀਆਂ ਦੀ ਵਿਰੋਧੀ ਕਾਰਵਾਈ ਕਾਰਨ ਇੱਕ ਅੰਸ਼ ਚਾਹ ਹੀ ਪ੍ਰਾਪਤ-ਕਰਤਾਵਾਂ ਨੂੰ ਨਾ ਪਹੁੰਚ ਸਕੀ ਅਤੇ ਬੋਸਟਨ ਵਿਖੇ 16 ਦਸੰਬਰ 1773 ਈ: ਨੂੰ ਚਾਹ ਦੀਆਂ 340 ਪੇਟੀਆਂ ਬਸਤੀਆਂ ਦੇ ਲੋਕਾਂ ਨੇ ਭਾਰਤੀਆਂ ਦੇ ਭੇਸ ਵਿੱਚ ਸਮੁੰਦਰ ਵਿੱਚ ਸੁੱਟ ਦਿੱਤੀਆਂ। ਇਸ ਘਟਨਾ ਨੂੰ 'ਬੋਸਟਨ ਚਾਹ ਪਾਰਟੀ' ਕਿਹਾ ਜਾਂਦਾ ਹੈ।

- **ਬ੍ਰਿਟਿਸ਼ ਸਰਕਾਰ ਦੇ ਅਮਰੀਕੀ ਬਸਤੀਆਂ ਵਿਰੁੱਧ ਪੰਜ ਕਾਨੂੰਨ:-**

(British Governments Five Laws against Colonists)

1. ਬੋਸਟਨ ਦੀ ਬੰਦਰਗਾਹ ਸਮੁੰਦਰ ਰਾਹੀਂ ਸਾਰੇ ਵਪਾਰ ਲਈ ਬੰਦ ਕਰ ਦਿੱਤੀ ਗਈ।
2. ਮਾਸਾਚੂਸੈਟਸ ਦੇ ਸਵੈ-ਸ਼ਾਸਨ ਦਾ ਚਾਰਟਰ ਸਥਗਿਤ ਕਰ ਦਿੱਤਾ ਗਿਆ ਅਤੇ ਉਸਨੂੰ ਪੂਰੀ ਤਰ੍ਹਾਂ ਗਵਰਨਰ ਦੇ ਅਧੀਨ ਕਰ ਦਿੱਤਾ ਗਿਆ।
3. ਜਿਨ੍ਹਾਂ ਵਿਅਕਤੀਆਂ ਉੱਤੇ ਕਾਨੂੰਨ ਭੰਗ ਕਰਨ ਦਾ ਇਲਜ਼ਾਮ ਸੀ, ਬ੍ਰਿਟਿਸ਼ ਅਧਿਕਾਰੀ ਇੰਗਲੈਂਡ ਅਤੇ ਕਿਸੇ ਹੋਰ ਅਮਰੀਕਨ ਬਸਤੀ ਵਿੱਚ ਭੇਜ ਸਕਦੇ ਸਨ।
4. ਮਾਸਾਚੂਸੈਟਸ ਦੇ ਕਿਸੇ ਵੀ ਨਗਰ ਵਿੱਚ ਬ੍ਰਿਟਿਸ਼ ਫ਼ੌਜਾਂ ਤੈਨਾਤ ਕੀਤੀਆਂ ਜਾ ਸਕਦੀਆਂ ਸਨ।

Scanned with Cam

Date: S M T W T F S

5. ਕੈਨੇਡਾ ਦੇ ਕੈਥੋਲਿਕਾਂ ਨੂੰ ਧਾਰਮਿਕ ਸੁਤੰਤਰਤਾ ਪ੍ਰਦਾਨ ਕਰ ਦਿੱਤੀ ਗਈ ਜਿਸ ਨਾਲ ਅਮਰੀਕੀ ਬਸਤੀਆਂ ਦੇ ਪਿਉਰਿਟਨਾਂ ਨੂੰ ਠੇਸ ਪਹੁੰਚੀ। ਆਪਣੇ ਅਧਿਕਾਰਾਂ ਲਈ ਇਕੱਠੇ ਮਿਲ ਕੇ ਕਾਰਵਾਈ ਕਰਨ ਦਾ ਨਿਸ਼ਚਾ ਕੀਤਾ।

- **ਫਿਲਾਡੇਲਫੀਆਂ ਦੇ ਦੋ ਸੰਮੇਲਨ** :- (Two Congresses of Philadelphia) :- 5 ਸਤੰਬਰ 1774 ਈ: ਨੂੰ ਫਿਲਾਡੇਲਫੀਆ ਵਿਖੇ ਬਸਤੀਆਂ ਦੇ ਪ੍ਰਤੀਨਿਧਾਂ ਦਾ ਪਹਿਲਾ ਸੰਮੇਲਨ ਹੋਇਆ ਜਿਸ ਵਿੱਚ ਜਾਰਜ ਵਾਸ਼ਿੰਗਟਨ, ਸੈਮੂਅਲ ਐਡਮਜ਼ ਅਤੇ ਜਾਨ ਐਡਮਜ਼ ਵਰਗੇ ਉੱਘੇ ਅਮਰੀਕੀ ਨੇਤਾ ਸ਼ਾਮਲ ਸਨ। ਕਾਫ਼ੀ ਬਹਿਸ ਉਪਰੰਤ ਅਧਿਕਾਰਾਂ ਤੇ ਸੁਤੰਤਰਤਾ ਸਬੰਧੀ ਕਈ ਮਹੱਤਵਪੂਰਨ ਫੈਸਲੇ ਕੀਤੇ ਗਏ। ਮਈ 1775 ਈ: ਵਿੱਚ ਫਿਲਾਡੇਲਫੀਆ ਵਿਖੇ ਦੂਜਾ ਸੰਮੇਲਨ ਹੋਇਆ ਜਿਸ ਵਿੱਚ ਇੰਗਲੈਂਡ ਵਿਰੁੱਧ ਯੁੱਧ ਕਰਨ, ਜਾਰਜ ਵਾਸ਼ਿੰਗਟਨ ਨੂੰ ਸੈਨਾਪਤੀ ਨਿਯੁਕਤ ਕੀਤਾ ਤੇ ਸੰਘਰਸ਼ ਜਾਰੀ ਰੱਖਣ ਦੇ ਫੈਸਲੇ ਕੀਤੇ ਗਏ। ਜਾਰਜ ਤੀਜੇ ਨੇ ਇੱਕ ਐਲਾਨ ਰਾਹੀਂ ਅਮਰੀਕੀ ਨੇਤਾਵਾਂ ਨੂੰ 'ਵਿਦਰੋਹੀ' ਦੱਸਿਆ ਅਤੇ ਬ੍ਰਿਟਿਸ਼ ਸੈਨਿਕ ਤੇ ਸਿਵਲ ਅਧਿਕਾਰੀਆਂ ਨੂੰ ਇਸ ਵਿਦਰੋਹ ਨੂੰ ਦਬਾਉਣ ਲਈ ਤੇ ਗੱਦਾਰਾਂ ਨੂੰ ਸਜ਼ਾ ਦੇਣ ਲਈ ਕਾਰਵਾਈ ਕਰਨ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਇੰਗਲੈਂਡ ਅਤੇ ਅਮਰੀਕੀ ਬਸਤੀਆਂ ਵਿਚਕਾਰ ਯੁੱਧ ਛਿੜ ਗਿਆ।

Dr. Harminder Kaur
Dept. History
Akal Degree College
Mastuana Sahib

sbp Where Life Changes
Scanned with Can